ਨੰ: FD-FP-10ANCM/3/2025-5FP1/105

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ, ਚੰਡੀਗੜ੍ਹ: 31, ਦਸੰਬਰ, 2025

ਸੇਵਾ ਵਿਖੇ,

ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ,
ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼,
ਸਮੂਹ ਸਬ ਡਵੀਜਨਲ ਮਜਿਸਟ੍ਰੇਟ ਅਤੇ
ਸਕੱਤਰ, ਪੰਜਾਬ ਵਿਧਾਨ ਸਭਾ ਸਕੱਤਰੇਤ।

ਵਿਸ਼ਾ:- **ਪੰਜਾਬ ਰਾਜ ਦੇ ਸਰਕਾਰੀ ਕਰਮਚਾਰੀ, ਜਿਨ੍ਹਾਂ ਨੂੰ 6th Punjab Pay Commission ਦੀਆਂ ਸਿਫਾਰਸ਼ਾਂ ਲਾਗੂ ਹੋਣ ਉਪਰੰਤ Gross Pay (revised) ਪਹਿਲਾਂ ਮਿਲ ਰਹੀ Gross Pay (unrevised) ਨਾਲੋਂ ਘੱਟ ਮਿਲ ਰਹੀ ਹੈ, ਸਬੰਧੀ ਹਦਾਇਤਾਂ।**

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ 6th Punjab Pay Commission ਦੀਆਂ ਸਿਫਾਰਸ਼ਾਂ ਲਾਗੂ ਹੋਣ ਉਪਰੰਤ ਦਰਜ਼ਾ ਚਾਰ ਕਰਮਚਾਰੀਆਂ (Group 'D'), ਜਿਨ੍ਹਾਂ ਦੀ ਮਿਤੀ 01.01.2016 ਤੋਂ ਬਾਅਦ ਦਰਜ਼ਾ ਤਿੰਨ (Group 'C'), ਵਿੱਚ ਪ੍ਰਮੋਸ਼ਨ ਹੋਈ ਹੈ, ਨੂੰ Gross Pay (revised) ਪਹਿਲਾਂ ਮਿਲ ਰਹੀ Gross Pay (unrevised) ਨਾਲੋਂ ਘੱਟ ਮਿਲ ਰਹੀ ਹੈ।

ਸਰਕਾਰ ਵੱਲੋਂ ਇਸ ਮਾਮਲੇ ਨੂੰ ਗਹੁ ਨਾਲ ਵਿਚਾਰਦੇ ਹੋਏ ਫੈਸਲਾ ਲਿਆ ਹੈ ਕਿ 6th Punjab Pay Commission ਦੀਆਂ ਸਿਫਾਰਸ਼ਾਂ ਲਾਗੂ ਹੋਣ ਉਪਰੰਤ ਉਨ੍ਹਾ ਦਰਜ਼ਾ ਚਾਰ ਕਰਮਚਾਰੀਆਂ, ਜਿਨ੍ਹਾਂ ਦੀ ਮਿਤੀ 01.01.2016 ਤੋਂ ਬਾਅਦ ਦਰਜ਼ਾ ਤਿੰਨ ਵਿੱਚ ਪ੍ਰਮੋਸ਼ਨ ਹੋਈ ਹੈ, ਨੂੰ Gross Pay (revised)(6th PPC) ਪਹਿਲਾਂ ਮਿਲ ਰਹੀ Gross Pay (unrevised)(5th PPC) ਨਾਲੋਂ ਘੱਟ ਰਹੀ ਹੈ , ਉਹਨਾਂ ਕਰਮਚਾਰੀਆਂ ਨੂੰ ਉਹਨਾਂ ਦੀ ਪੁਰਾਣੀ Gross Pay (unrevised) ਪ੍ਰੋਟੈਕਟ ਕਰਦੇ ਹੋਏ ਉਦੋਂ ਤੱਕ ਅਦਾਇਗੀ ਕੀਤੀ ਜਾਂਦੀ ਰਹੇਗੀ, ਜਦੋਂ ਤੱਕ ਉਸਦੀ revised gross pay (6th PPC) ਪਹਿਲਾਂ ਪ੍ਰਾਪਤ ਕੀਤੀ ਜਾ ਰਹੀ unrevised Gross pay (5th PPC) ਨਾਲੋਂ ਵੱਧ ਨਹੀਂ ਜਾਂਦੀ।

2. ਇਹ ਅਦਾਇਗੀ ਉਸ ਮਿਤੀ ਤੋਂ ਕੀਤੀ ਜਾਵੇਗੀ, ਜਿਸ ਮਿਤੀ ਤੋਂ ਸਬੰਧਤ ਕਰਮਚਾਰੀ ਨੂੰ Revised Gross Pay (6th PPC) ਦੀ ਘੱਟ ਅਦਾਇਗੀ ਹੋ ਰਹੀ ਹੈ।

3. ਇਹ ਹਦਾਇਤਾਂ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀ ਜਾਂਦੀਆਂ ਹਨ।

4. ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਪ੍ਰਬੰਧਕੀ ਵਿਭਾਗਾਂ ਵੱਲੋਂ ਯਕੀਨੀ ਬਣਾਈ ਜਾਵੇ।

(ਸਰੋਜ)
ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ: FD-FP-10ANCM/3/2025-5FP1/106 ਮਿਤੀ, ਚੰਡੀਗੜ੍ਹ: 31-12-2025

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ) ਪੰਜਾਬ, ਚੰਡੀਗੜ੍ਹ।

(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ।

(ਸਰੋਜ)
ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ: FD-FP-10ANCM/3/2025-5FP1/107 ਮਿਤੀ, ਚੰਡੀਗੜ੍ਹ: 31-12-2025

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

(1) ਵਿਸ਼ੇਸ਼ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਚੰਡੀਗੜ੍ਹ।

(2) ਸਕੱਤਰ/ਵਿੱਤ ਮੰਤਰੀ, ਪੰਜਾਬ, ਚੰਡੀਗੜ੍ਹ।

(3) ਸਕੱਤਰ/ਮੁੱਖ ਸਕੱਤਰ, ਪੰਜਾਬ, ਚੰਡੀਗੜ੍ਹ।

(4) ਨਿੱਜੀ ਸਕੱਤਰ/ਵਧੀਕ ਮੁੱਖ ਸਕੱਤਰ, ਵਿੱਤ ਵਿਭਾਗ।

(ਸਰੋਜ)
ਅਧੀਨ ਸਕੱਤਰ, ਵਿੱਤ

ਪਿੱਠ ਅੰਕਣ ਨੰ: FD-FP-10ANCM/3/2025-5FP1/108 ਮਿਤੀ, ਚੰਡੀਗੜ੍ਹ: 31-12-2025

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਜਿਲ੍ਹਾ ਖਜ਼ਾਨਾ ਅਫਸਰਾਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

(ਸਰੋਜ)
ਅਧੀਨ ਸਕੱਤਰ, ਵਿੱਤ